**CLASS : 10th (Secondary)** **Code No. B**

# ਅਭਿਆਸ ਪ੍ਰਸ਼ਨ ਪੱਤਰ (2022-23)

ਪੰਜਾਬੀ

PUNJABI

(Academic / Open)

ਸਮਾਂ : 3 ਘੰਟੇ ਕੁਲ ਅੰਕ : 80

* ਕ੍ਰਿਪਾ ਜਾਂਚ ਕਰ ਲਓ ਕਿ ਇਸ ਪ੍ਰਸ਼ਨ-ਪੱਤਰ ਵਿੱਚ ਛਪੇ ਪੰਨਿਆਂ ਦੀ ਸੰਖਿਆ 4 ਅਤੇ ਪ੍ਰਸ਼ਨ 11 ਹਨ ।
* ਪ੍ਰਸ਼ਨ-ਪੱਤਰ ਵਿੱਚ ਸੱਜੇ ਪਾਸੇ ਦਿੱਤੇ ਹੋਏ ਕੋਡ ਨੰਬਰ ਅਤੇ ਸੈਟ ਨੂੰ ਵਿਦਿਆਰਥੀ ਉੱਤਰ ਪੁਸਤਕਾਂ ਦੇ ਮੁੱਖ ਪੰਨੇ ਤੇ ਲਿਖਣ ।
* ਕ੍ਰਿਪਾ ਪ੍ਰਸ਼ਨ ਦਾ ਉੱਤਰ ਲਿਖਣਾ ਸ਼ੁਰੂ ਕਰਨ ਤੋਂ ਪਹਿਲਾਂ ਪ੍ਰਸ਼ਨ ਦਾ ਕ੍ਰਮਾਂਕ ਜ਼ਰੂਰ ਲਿਖੋ ।
* ਆਪਣੀ ਉੱਤਰ ਪੁਸਤਿਕਾ ਵਿੱਚ ਖਾਲੀ ਪੰਨਾ / ਪੰਨੇ ਨਾ ਛੱਡੋ ।
* ਉੱਤਰ ਪੁਸਤਕਾਂ ਦੇ ਇਲਾਵਾ ਕੋਈ ਹੋਰ ਸ਼ੀਟ ਨਹੀਂ ਮਿਲੇਗੀ । ਇਸ ਲਈ ਢੁਕਵੇਂ ਹੀ ਲਿਖੋ ਅਤੇ ਲਿਖਿਆ ਉੱਤਰ ਨਾ ਕੱਟੋ ।
* ਪ੍ਰੀਖਿਆਰਥੀ ਆਪਣਾ ਰੋਲ ਨੰਬਰ ਪ੍ਰਸ਼ਨ-ਪੱਤਰ ਤੇ ਜ਼ਰੂਰ ਲਿਖਣ । ਪ੍ਰਸ਼ਨ ਪੱਤਰ ਵਿੱਚ ਰੋਲ ਨੰਬਰ ਤੋਂ ਇਲਾਵਾ ਕੁੱਝ ਵੀ ਨਾ ਲਿਖੋ।
* ਕ੍ਰਿਪਾ ਪ੍ਰਸ਼ਨਾਂ ਦੇ ਉੱਤਰ ਦੇਣ ਤੋਂ ਪਹਿਲਾਂ ਇਹ ਦੇਖ ਲੋ ਕਿ ਪ੍ਰਸ਼ਨ ਉਤਰ ਪੂਰਾ ਅਤੇ ਠੀਕ ਹੈ । ਪਰੀਖਿਆ ਦੇ ਬਾਅਦ ਵਿਚ ਇਸ ਸਬੰਧ ਵਿਚ ਕੋਈ ਵੀ ਦਾਅਵਾ ਨਹੀਂ ਮੰਨਿਆ ਜਾਵੇਗਾ।
* ਹਰ ਇਕ ਪ੍ਰਸ਼ਨ ਦੇ ਅੱਗੇ ਅੰਕ ਦਿੱਤੇ ਗਏ ਹਨ ।

ਸਾਰੇ ਪ੍ਰਸ਼ਨ ਜ਼ਰੂਰੀ ਹਨ ।

1 (1) ਸੁਰਿੰਦਰ ਪਤੰਗ ਉਡਾ ਰਿਹਾ ਹੈ! ( ਕਰਮ ਦੀ ਪਦ ਵੰਡ ਕਰੋ ) 3
(2) ਮੈਂ ਧਨਵਾਨ ਹੁੰਦਾ ( ਵਿਸਮਿਕ ਵਾਚਕ ਵਾਕ ਬਣਾਓ) 1
(3) ਆਪਣਾ ਨਾਂ ਦੱਸੋ (ਪ੍ਰਸ਼ਨ ਵਾਚਕ ਵਾਕ ਬਣਾਓ) 1
(4) ਮੇਰੇ ਕੋਲ ਕਾਪੀਆਂ ਤੇ ਇੱਕ ਪੈਂਨ ਹੈ । (ਸੰਯੁਕਤ ਵਾਕ ਬਣਾਓ) 1

2 (1) ਬੋਲਣਾ ਸਦਾ ਸੱਚ ਚਾਹੀਦਾ ਹੈ (ਵਾਕ ਨੂੰ ਸਹੀ ਕਰਕੇ ਲਿਖੋ) 1
(2) ਹੇਠ ਲਿਖੇ ਸ਼ਬਦਾਂ ਨੂੰ ਸੁੱਧ ਕਰਕੇ ਲਿਖੋ । 1*1=2
ਭੋਹਤ, ਪ੍ਰਲੋਕ

3 ਵਿਸ਼ਰਾਮ ਚਿੰਨ੍ਹ ਲਾਓ । 3
ਤੁਸੀਂ ਫ਼ਿਕਰ ਨਾ ਕਰੋ ਬਾਪੂ ਜੀ ਮੈਂ ਪੜ੍ਹਾਈ ਦੇ ਨਾਲ ਖੇਤੀ ਦਾ ਕੰਮ ਵੀ ਕਰਾਂਗਾ

4 ਕਿਸੇ ਦੋ ਮੁਹਾਵਰਿਆਂ ਦੇ ਅਰਥ ਦੱਸ ਕੇ ਵਾਕ ਵਿਚ ਵਰਤੋ । 1*3=3
(1) ਕੰਨ ਭਰਨੇ
(2) ਹੱਥ ਪੈਰ ਮਾਰਨੇ
(3) ਅੱਖਾਂ ਦਾ ਤਾਰਾ
ਅਧੂਰਾ ਅਖਾਣ ਪੂਰਾ ਕਰੋ।
(4) ਅਕਲਾਂ ਬਾਝੋਂ.......... ਖ਼ਾਲੀ ।

5 ਹੇਠ ਲਿਖੇ ਪੈਰੇ ਨੂੰ ਧਿਆਨ ਨਾਲ ਪੜ੍ਹਦੇ ਹੋਏ ਪੁੱਛੇ ਗਏ ਪ੍ਰਸ਼ਨਾਂ ਦੇ ਉੱਤਰ ਲਿਖੋ ।

ਮਨੁੱਖੀ ਸਰੀਰ ਕੰਮ ਕਰਨ ਲਈ ਬਣਿਆ ਹੈ ! ਕੰਮ ਨਾ ਕਰਨਾ ਸਰੀਰ ਦੇ ਗੁਣ ਨੂੰ ਬੇਕਾਰ ਗਵਾਉਣਾ ਹੈ । ਜਿਹੜਾ ਸਰੀਰ ਕੜੀ ਮਿਹਨਤ ਕਰਦਾ ਹੈ, ਕਦੇ ਵੀ ਰੋਗੀ ਨਹੀਂ ਬਣ ਸਕਦਾ । ਜਿਹੜਾ ਸ਼ਰੀਰ ਕੰਮ ਕਰਦਾ ਹੈ ਉਸਦੇ ਕੰਮ ਨੂੰ ਪੂਜਾ ਮੰਨਿਆ ਜਾਂਦਾ ਹੈ । ਕੰਮ ਨਾ ਕਰਨ ਵਾਲੇ ਮਨੁੱਖ ਨੂੰ ਕੋਈ ਵੀ ਪਸੰਦ ਨਹੀਂ ਕਰਦਾ ! ਕੰਮ ਹੀ ਸਾਡੇ ਸਰੀਰ ਨੂੰ ਅਰੋਗ ਤੇ ਸੁਖੀ ਬਣਾ ਸਕਦਾ ਹੈ ।

(1) ਪ੍ਰਸ਼ਨ : ਮਨੁੱਖੀ ਸ਼ਰੀਰ ਕਿਸ ਲਈ ਬਣਿਆ ਹੈ ? 2
(2) ਪ੍ਰਸ਼ਨ : ਕਿਹੜਾ ਸ਼ਰੀਰ ਕਦੇ ਵੀ ਰੋਗੀ ਨਹੀਂ ਬਣ ਸਕਦਾ ? 2
(3) ਪ੍ਰਸ਼ਨ : ਪੈਰੇ ਦਾ ਢੁਕਵਾਂ ਸਿਰਲੇਖ ਲਿਖੋ । 1

6 ਹੇਠ ਲਿਖੇ ਵਿਸ਼ਿਆਂ ਵਿੱਚੋਂ ਕਿਸੇ ਇਕ 'ਤੇ ਲਗਪਗ 250 ਸ਼ਬਦਾਂ ਦਾ ਲੇਖ ਲਿਖੋ :- 5
1 ਤੁਹਾਡਾ ਮਨਪਸੰਦ ਤਿਉਹਾਰ
2 ਲਾਇਬ੍ਰੇਰੀ ਦੇ ਲਾਭ
3 ਅੱਖੀਂ ਡਿੱਠਾ ਮੈਚ
4 ਗੁਰੂ ਤੇਗ ਬਹਾਦਰ ਜੀ
5 ਅਖ਼ਬਾਰਾਂ ਦੇ ਲਾਭ ਤੇ ਹਾਨੀਆਂ

7 ਆਪਣੇ ਸਕੂਲ ਦੇ ਮੁੱਖ ਅਧਿਆਪਕ ਨੂੰ ਜੁਰਮਾਨੇ ਦੀ ਮਾਫ਼ੀ ਲਈ ਪੱਤਰ ਲਿਖੋ । 5
ਜਾਂ
ਆਪਣੇ ਪਿਤਾ ਜੀ ਨੂੰ ਚਿੱਠੀ ਲਿਖ ਕੇ ਦੱਸੋ ਕਿ ਤੁਹਾਡੇ ਇਮਤਿਹਾਨ ਕਿਸ ਤਰ੍ਹਾਂ ਦੇ ਹੋਏ ਹਨ ।

8 ਕਿਸੇ ਇੱਕ ਕਾਵਿ ਟੋਟੇ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ । 5

ਮਿੱਤਰਾਂ ਲਿਖ ਕਿਤਾਬਤ ਭੇਜੀ,
ਲੱਗਾ ਬਾਣ ਫਿਰਾਂ ਤੜਫੇਂਦੀ ।
ਤਨ ਵਿਚਿ ਤਾਕਤ ਰਹੀ ਨ ਮੂਲੇ,
ਰੋ ਰੋ ਹਰਫ਼ ਪਛਾਣੀਦਾ ।

ਜਾਂ

ਗੁੰਮ ਨੇ ਰਸੋਈ ਵਿਚੋਂ ਚਾਟੀਆਂ ਮਧਾਣੀਆਂ,
ਬਰਗਰਾਂ ਤੇ ਪੀਜਿਆਂ ਨੇ ਪੱਟੀਆਂ ਸੁਆਣੀਆਂ ।
ਖਾਣ-ਪੀਣ ਪਹਿਰਾਵਾ ਆਪਣਾ ਗੁਆਚਿਆ,
ਵਗਿਆ ਨੇ ਪੱਛਮੀ ਹਵਾਵਾਂ ਮਰ ਜਾਣਿਆ ।

9 ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਦੀ 50-60 ਸ਼ਬਦਾਂ ਵਿੱਚ ਲੇਖੋ । 3*7= 21

1. ਮੀਰੀ-ਪੀਰੀ ਤੋ ਕੀ ਭਾਵ ਹੈ ?
2. ਰੁੰਡ-ਮੁੰਡ ਰੁੱਖ ਨੂੰ ਦੇਖ ਕੇ ਲੇਖਕ ਦੇ ਮਨ ਵਿੱਚ ਕਿਸ ਤਰ੍ਹਾਂ ਦੇ ਵਿਚਾਰ ਪੈਦਾ ਹੋਏ?
3. ਵਿਆਹ ਵੇਲੇ ਪਰਿਵਾਰ ਵਿਚ ਕੀ-ਕੀ ਕੀਤਾ ਜਾਂਦਾ ਹੈ?
4. ਰੋਹਿਤ ਦੀ ਸਭ ਤੋਂ ਪਹਿਲਾਂ ਪ੍ਰਾਹੁਣਚਾਰੀ ਕਿਸਨੇ ਕਿਵੇਂ ਕੀਤੀ?
5. ਦੋਹਾਂ ਗੁਆਂਢਣਾਂ ਵਿਚ ਅਣਬਣ ਦਾ ਕੀ ਕਾਰਨ ਸੀ?
6. ਬੀਬੀ ਭਾਨੀ ਜੀ ਦੇ ਮੁੱਢਲੇ ਜੀਵਨ ਉੱਤੇ ਰੌਸ਼ਨੀ ਪਾਉ !
7. ਡਾਕਟਰ ਕਲਾਮ ਨੂੰ ਭਾਰਤ ਦੇ ਕਿਹੜੇ ਵੱਡੇ-ਵੱਡੇ ਸਨਮਾਨ ਪ੍ਰਾਪਤ ਹੋਏ?

10 ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਦੀ 30-40 ਸ਼ਬਦਾਂ ਵਿੱਚ ਲੇਖੋ । 2*7= 14

1. ਵਿਗਿਆਨ ਦੇ ਅਧਿਆਪਕ ਨੇ ਨੀਂਦ ਬਾਰੇ ਕੀ ਸਿੱਟਾ ਕੱਢਿਆ?
2. ਸੱਪ ਜਮਾਤ ਦੇ ਕਮਰੇ ਵਿੱਚ ਕਿਵੇਂ ਦਾਖਲ ਹੋਇਆ?
3. ਬੇਬੇ ਰਾਮ ਭਜਨੀ ਕੌਣ ਹੈ?
4. ਕਿਸਾਨ ਰਾਜੇ ਤੇ ਵਜੀਰ ਨੂੰ ਕਿਵੇਂ ਮਾਰਦਾ ਕੁੱਟਦਾ ਹੈ?
5. ਕੋਤਵਾਲ ਆਦਮੀ ਨੂੰ ਕਿਉਂ ਮਾਰਦਾ ਹੈ ਤੇ ਰਾਜਾ ਕੋਤਵਾਲ ਦੇ ਸਾਹਮਣੇ ਆਪਣੇ ਆਪ ਨੂੰ ਕੀ ਦੱਸਦਾ ਹੈ?
6. ਵਕੀਲ ਨੇ ਪਾਂਧੇ ਨੂੰ ਕਿਉਂ ਬੁਲਾਇਆ ਸੀ?
7. ਮਿਲਖਾ ਸਿੰਘ ਨੂੰ ਫਲਾਇੰਗ ਸਿੱਖ ਦਾ ਖਿਤਾਬ ਸਭ ਤੋਂ ਪਹਿਲਾਂ ਕਿੱਥੇ ਮਿਲਿਆ?

11 ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਲਿਖੋ । 1*10 = 10

1. ਮਾਸੀ ਕਿਸ ਨੂੰ ਕਿਹਾ ਗਿਆ ਹੈ?
   (i) ਅੰਗਰੇਜ਼ੀ (ii) ਹਿੰਦੀ (iii) ਪੰਜਾਬੀ (iv) ਸੰਸਕ੍ਰਿਤ
2. ਧੀ ਕਿਥੇ ਬੈਠਣਾ ਚਾਹੁੰਦੀ ਹੈ?
   (i) ਪਲੰਘ ਉੱਤੇ (ii) ਮੰਜੇ ਉੱਤੇ (iii) ਮਾਂ ਦੀ ਗੋਦੀ ਵਿਚ (iv) ਫ਼ਰਸ਼ ਉੱਤੇ
3. ਨੰਬਰ ਵਨ ਦੀ ਰੇਸ ਪਾਠ ਦਾ ਲੇਖਕ ਕੌਣ ਹੈ?
   (i) ਪੂਰਨ ਸਿੰਘ (ii) ਕੇ. ਐਲ. ਗਰਗ (iii) ਮੋਹਨ ਸਿੰਘ (iv) ਭਾਈ ਵੀਰ ਸਿੰਘ
4. ਆਸਟ੍ਰੇਲੀਆ ਦੇ ਕੌਮੀ ਜਾਨਵਰ ਦਾ ਨਾਂ ਦੱਸੋ ?
   (i) ਹਿਰਨ (ii) ਚੀਤਾ (iii) ਸ਼ੇਰ (iv) ਕੰਗਾਰੂ
5. ਮੀਨਾਕਸ਼ੀ ਦੀ ਮਾਂ ਉਸ ਨਾਲ ਕੀ ਖੇਡਣਾ ਚਾਹੁੰਦੀ ਸੀ?
   (i) ਲੁਡੋ (ii) ਸ਼ਤਰੰਜ (iii) ਬੈਡਮਿੰਟਨ (iv) ਕੈਰਮ ਬੋਰਡ
6. ਪੁਲਿਸ ਨੂੰ ਕੌਣ ਬੁਲਾਉਂਦਾ ਹੈ?
   (i) ਵੰਦਨਾ (ii) ਸੰਜੀਵ (iii) ਅਰਚਨਾ (iv) ਰਾਹੁਲ
7. ਬੇਬੇ ਰਾਮ ਭਜਨੀ ਨੂੰ ਦੁਸ਼ਾਲਾ ਦਾਨ ਕਰਨ ਲਈ ਕੌਣ ਆਖਦਾ ਹੈ ?
   (i) ਵਕੀਲ (ii) ਸ਼ਾਮ ਦਾਸ (iii) ਸਾਧੂ (iv) ਗਵਾਂਢਣ
8. ਸੂਈ ਕੌਣ ਮੰਗਦਾ ਹੈ?
   (i) ਰਾਜਾ (ii) ਵਜ਼ੀਰ (iii) ਬਜ਼ੁਰਗ (iv) ਕੋਤਵਾਲ
9. ਬੀਬੀ ਭਾਨੀ ਦਾ ਜਨਮ ਕਦੋਂ ਹੋਇਆ?
   (i) 1590 (ii) 1690 (iii) 1790 (iv) 1890
10. ਨਾਨਕ ਸਿੰਘ ਦਾ ਪਹਿਲਾ ਨਾਵਲ ਕਿਹੜਾ ਸੀ?
   (i) ਪਵਿੱਤਰ ਪਾਪੀ (ii) ਅੱਧਖਿੜੀ ਕਲੀ (iii) ਪਿਆਰ ਦੀ ਦੁਨੀਆਂ (iv) ਮੇਰੀ ਦੁਨੀਆ